Post on our clg website ensure + ...

# ਪ੍ਰਿੰਸੀਪਲ, ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ

ਵੱਲ

ਰਜਿਸਟਰਾਰ, ਮਹਾਰਾਜਾ ਭੂਪਿੰਦਰਾ ਸਿੰਘ, ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ।
ਪ੍ਰਿੰਸੀਪਲ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ।
ਪ੍ਰਿੰਸੀਪਲ, ਸਰਕਾਰੀ ਬਿਕਰਮ ਕਾਲਜ, ਪਟਿਆਲਾ।
ਪ੍ਰਿੰਸੀਪਲ, ਮੋਦੀ ਕਾਲਜ, ਪਟਿਆਲਾ।
ਪ੍ਰਿੰਸੀਪਲ, ਖਾਲਸਾ ਕਾਲਜ, ਪਟਿਆਲਾ।

ਨੰ: 335-334 ਮਿਤੀ 14/07/2025

Incharge
Boys Hostel
Girls Hostel

ਸਰਕਾਰੀ ਬਿਕਰਮ ਕਾਲਜ ਆਫ ਕਾਮਰਸ ਪਟਿਆਲਾ
ਡਾਕ ਪ੍ਰਾਪਤੀ ਨੰ. 609
ਮਿਤੀ 14/7/25

ਵਿਸ਼ਾ: ਹੋਸਟਲ (ਲੜਕੇ ਅਤੇ ਲੜਕੀਆਂ) ਸੈਸ਼ਨ 2025-26 ਸੰਬੰਧੀ।

ਉਪਰੋਕਤ ਵਿਸ਼ਾ ਅੰਕਿਤ ਪੱਤਰ ਦੇ ਸੰਬੰਧ ਵਿੱਚ।

ਹੋਸਟਲ ਵਿਚ ਰਹਿਣ ਵਾਲੇ ਵਿਦਿਆਰਥੀਆਂ ਲਈ ਕਾਲਜ ਵੱਲੋਂ ਫਾਰਮ ਆਪ ਜੀ ਦੀ ਸੰਸਥਾ ਵਿਖੇ (ਈ-ਮੇਲ ਰਾਹੀਂ) ਭੇਜੇ ਜਾਂਦੇ ਹਨ ਜੋ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਦੇ ਸਵੈ ਘੋਸ਼ਣਾ ਅਤੇ ਆਪ ਜੀ ਦੁਆਰਾ ਮੁਕੰਮਲ ਰੂਪ ਵਿਚ ਤਸਦੀਕ ਕਰਕੇ ਭੇਜੇ ਹੀ ਸਵੀਕਾਰ ਕੀਤੇ ਜਾਣਗੇ। ਕਿਸੇ ਵੀ ਪੱਖੋਂ ਅਧੂਰੇ ਫਾਰਮ ਵਿਚਾਰਨ ਯੋਗ ਨਹੀਂ ਹੋਣਗੇ।

2. ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਦੀ ਹੋਸਟਲ ਦੀ ਫੀਸ 13794/- ਰੁਪਏ ਅਤੇ ਪ੍ਰਾਈਵੇਟ ਕਾਲਜਾਂ ਦੇ ਵਿਦਿਆਰਥੀਆਂ ਦੀ ਹੋਸਟਲ ਫੀਸ 15240/- ਰੁਪਏ ਵਸੂਲ ਕੀਤੀ ਜਾਵੇਗੀ। ਹੋਸਟਲ ਵਿਖੇ ਰਹਿਣ ਵਾਲੇ ਵਿਦਿਆਰਥੀ ਹੋਸਟਲ ਫੀਸ ਕਾਲਜ ਵਿਖੇ ਆ ਕੇ ਚਲਾਨ ਰਾਹੀਂ ਭਰਨਗੇ। ਹੋਸਟਲ ਦੀ ਅਲਾਟਮੈਂਟ 01-08-2025 ਤੋਂ ਕੀਤੀ ਜਾਵੇਗੀ।

3. ਹੋਸਟਲ ਵਿਚ ਰਹਿਣ ਵਾਲੇ ਵਿਦਿਆਰਥੀਆਂ ਦੀ ਪੂਰੀ ਫੀਸ ਲਈ ਜਾਂਦੀ ਹੈ ਭਾਵੇਂ ਵਿਦਿਆਰਥੀ ਕੁਝ ਦਿਨ ਹੀ ਹੋਸਟਲ ਵਿਖੇ ਰਹਿਣ ਵਿਦਿਆਰਥੀ ਦੀ ਫੀਸ ਮੋੜਨਯੋਗ ਨਹੀਂ ਹੋਵੇਗੀ ਕੇਵਲ ਸਿਕਿਊਰਿਟੀ ਹੀ ਵਾਪਸ ਕੀਤੀ ਜਾਵੇਗੀ।

4. ਵਿਦਿਆਰਥੀਆਂ ਦੇ ਹੋਸਟਲ ਚਾਰਜਿਜ਼ ਸਰਕਾਰੀ ਨਿਯਮਾਂ ਮੁਤਾਬਿਕ ਲਏ ਜਾਂਦੇ ਹਨ ਜੇ ਕਿਸੇ ਕਾਰਨ ਵਿਦਿਆਰਥੀ ਫੀਸ ਰਿਫੰਡ ਕਰਾਉਣਾ ਚਾਹੁੰਦਾ ਹੈ ਤਾਂ ਇਹ ਸਰਕਾਰੀ ਹਦਾਇਤਾਂ ਅਨੁਸਾਰ ਹੀ ਵਾਪਸ ਹੋਵੇਗੀ।

5. ਲੜਕਿਆਂ ਅਤੇ ਲੜਕੀਆਂ ਦੇ ਹੋਸਟਲ ਵਿੱਚ ਮੈਸ ਦਾ ਠੇਕਾ ਦੇਣ ਲਈ ਪਬਲਿਕ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਅਤੇ ਮਿਤੀ 01-08-2025 ਤੋਂ ਹੋਸਟਲਾਂ ਵਿੱਚ ਮੈਸ ਚਾਲੂ ਹੋਵੇਗੀ। ਪ੍ਰਤੀ ਮਹੀਨਾ, ਪ੍ਰਤੀ ਵਿਦਿਆਰਥੀ ਮੈਸ ਚਾਰਜਿਜ਼ ਠੇਕਾ ਦੇਣ ਉਪਰੰਤ ਆਪ ਜੀ ਨੂੰ ਸੂਚਿਤ ਕਰ ਦਿੱਤਾ ਜਾਵੇਗਾ। ਮੈਸ ਠੇਕੇਦਾਰ ਵਿਦਿਆਰਥੀਆਂ ਤੋਂ ਸਿਕਿਊਰਿਟੀ ਵਜੋਂ 2000/- ਰੁਪਏ ਐਡਵਾਂਸ (ਮੈਸ ਸੰਬੰਧੀ) ਆਪਣੇ ਪੱਧਰ ਤੇ ਲੈਣਗੇ।

ਨੱਥੀ: ਕਮਰਿਆਂ ਦੀ ਸੂਚੀ
ਹੋਸਟਲ ਫਾਰਮ

ਹਰਦੀਪ ਕੌਰ
ਹੋਸਟਲ ਵਾਰਡਨ

ਪ੍ਰਿੰਸੀਪਲ,
ਸਰਕਾਰੀ ਕਾਲਜ ਆਫ਼ ਐਜੂਕੇਸ਼ਨ,
ਪਟਿਆਲਾ।

# ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕਸ਼ਨ, ਪਟਿਆਲਾ

## ਹੋਸਟਲ (ਲੜਕੇ) ਵਿਖੇ ਕਮਰਿਆਂ ਦੀ ਸੂਚੀ .

| | | | |
|---|---|---|---|
| 1 | ਬੀ.ਐਡ. ਅਤੇ ਐਮ.ਐਡ. (ਸਟੇਟ) ਕਾਲਜ | ਕਮਰਾ ਨੰ: 3 ਤੋਂ 12 ਤੱਕ | 10 ਕਮਰੇ |
| 2 | ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ | ਕਮਰਾ ਨੰ: 13 ਤੋਂ 23 ਤੱਕ | 11 ਕਮਰੇ |
| 3 | ਖਾਲਸਾ ਕਾਲਜ, ਪਟਿਆਲਾ | ਕਮਰਾ ਨੰ: 25 ਤੋਂ 30 ਤੱਕ | 06 ਕਮਰੇ |
| 4 | ਮੋਦੀ ਕਾਲਜ, ਪਟਿਆਲਾ | ਕਮਰਾ ਨੰ: 31 ਤੋਂ 36 ਤੱਕ | 06 ਕਮਰੇ |
| 5 | ਸਰਕਾਰੀ ਬਿਕਰਮ ਕਾਲਜ, ਪਟਿਆਲਾ | ਕਮਰਾ ਨੰ: 37 ਤੋਂ 48 ਤੱਕ | 12 ਕਮਰੇ |
| 6 | ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ | ਕਮਰਾ ਨੰ: 49 ਤੋਂ 96 ਤੱਕ | 48 ਕਮਰੇ |

ਨੋਟ:- ਇੱਕ ਕਮਰੇ ਵਿੱਚ 2 ਵਿਦਿਆਰਥੀ ਹੀ ਠਹਿਰ ਸਕਦੇ ਹਨ। ਕਮਰਿਆਂ ਦੀ ਗਿਣਤੀ ਅਨੁਸਾਰ ਹੀ ਵਿਦਿਆਰਥੀਆਂ ਨੂੰ ਹੋਸਟਲ ਵਿੱਚ ਭੇਜਿਆ ਜਾਵੇ ਜੀ। ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਵਾਰਡਨ ਵੱਲੋਂ ਉਪਰੋਕਤ ਸੰਸਥਾਵਾਂ ਨੂੰ ਕੀਤੀ ਗਈ ਕਮਰਿਆਂ ਦੀ ਅਲਾਟਮੈਂਟ ਘੱਟ ਵੱਧ ਕੀਤੀ ਜਾ ਸਕਦੀ ਹੈ ਅਤੇ ਹੋਸਟਲ, ਵਿਦਿਆਰਥੀਆਂ ਨੂੰ ਪਹਿਲ ਦੇ ਆਧਾਰ ਤੇ ਦਿੱਤਾ ਜਾਵੇਗਾ। ਵਿਦਿਆਰਥੀਆਂ ਦਾ ਲੇਟ ਦਾਖਲਾ ਹੋਣ ਤੇ ਕਮਰਿਆਂ ਦੀ ਅਲਾਟਮੈਂਟ ਸੰਬੰਧੀ ਸੰਸਥਾ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ ਇਸ ਲਈ ਵਿਦਿਆਰਥੀਆਂ ਨੂੰ ਜਲਦੀ ਤੋਂ ਜਲਦੀ ਹੋਸਟਲ ਲੈਣ ਦੀ ਤਾਕੀਦ ਕੀਤੀ ਜਾਵੇ।

## ਲੜਕੀਆਂ ਦੇ ਹੋਸਟਲ ਵਿਖੇ ਕਮਰਿਆਂ ਦੀ ਸੂਚੀ

| | | | |
|---|---|---|---|
| 1 | ਬੀ.ਐਡ. ਅਤੇ ਐਮ.ਐਡ. (ਸਟੇਟ ਕਾਲਜ) | ਕਮਰਾ ਨੰ: 1 ਤੋਂ 15 ਤੱਕ | 15 ਕਮਰੇ |
| 2 | ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ | ਕਮਰਾ ਨੰ: 16 ਤੋਂ 20 ਤੱਕ | 05 ਕਮਰੇ |
| 3 | ਖਾਲਸਾ ਕਾਲਜ, ਪਟਿਆਲਾ | ਕਮਰਾ ਨੰ: 21 ਤੋਂ 25 ਤੱਕ | 05 ਕਮਰੇ |
| 4 | ਮੋਦੀ ਕਾਲਜ, ਪਟਿਆਲਾ | ਕਮਰਾ ਨੰ: 26 ਤੋਂ 30 ਤੱਕ | 05 ਕਮਰੇ |
| 5 | ਸਰਕਾਰੀ ਬਿਕਰਮ ਕਾਲਜ, ਪਟਿਆਲਾ | ਕਮਰਾ ਨੰ: 1 ਤੋਂ 9 ਤੱਕ | 09 ਕਮਰੇ(ਵੱਡੇ ਕਮਰੇ,04 ਵਿਦਿਆਰਥੀ ਇੱਕ ਕਮਰੇ ਵਿੱਚ) |
| 6 | ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ | (ਕਮਰਾ ਨੰ: 31 ਤੋਂ 47 ਤੱਕ) | 17 ਕਮਰੇ |
| 7 | ਪੰਜਾਬੀ ਯੂਨੀਵਰਸਿਟੀ | ਗੈਸਟ ਰੂਮ ਦੇ (04 ਕਮਰੇ) | |

ਨੋਟ:- ਹੋਸਟਲ ਵਿੱਚ ਛੋਟੇ ਕਮਰੇ ਵਿੱਚ 2 ਅਤੇ ਵੱਡੇ ਕਮਰੇ ਵਿੱਚ 5 ਵਿਦਿਆਰਥਣਾਂ ਹੀ ਠਹਿਰ ਸਕਦੀਆਂ ਹਨ। ਕਮਰਿਆਂ ਦੀ ਗਿਣਤੀ ਅਨੁਸਾਰ ਹੀ ਵਿਦਿਆਰਥੀਆਂ ਨੂੰ ਹੋਸਟਲ ਵਿੱਚ ਭੇਜਿਆ ਜਾਵੇ ਜੀ। ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਵਾਰਡਨ ਵੱਲੋਂ ਉਪਰੋਕਤ ਸੰਸਥਾਵਾਂ ਨੂੰ ਕੀਤੀ ਗਈ ਕਮਰਿਆਂ ਦੀ ਅਲਾਟਮੈਂਟ ਘੱਟ ਵੱਧ ਕੀਤੀ ਜਾ ਸਕਦੀ ਹੈ ਅਤੇ ਹੋਸਟਲ, ਵਿਦਿਆਰਥੀਆਂ ਨੂੰ ਪਹਿਲ ਦੇ ਆਧਾਰ ਤੇ ਦਿੱਤਾ ਜਾਵੇਗਾ। ਵਿਦਿਆਰਥੀਆਂ ਦਾ ਲੇਟ ਦਾਖਲਾ ਹੋਣ ਤੇ ਕਮਰਿਆਂ ਦੀ ਅਲਾਟਮੈਂਟ ਸੰਬੰਧੀ ਸੰਸਥਾ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ ਇਸ ਲਈ ਵਿਦਿਆਰਥੀਆਂ ਨੂੰ ਜਲਦੀ ਤੋਂ ਜਲਦੀ ਹੋਸਟਲ ਲੈਣ ਦੀ ਤਾਕੀਦ ਕੀਤੀ ਜਾਵੇ।

ਪ੍ਰਿੰਸੀਪਲ